**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ,ਮੁਹਾਲੀ**
**ਫੋਨ ਨੰਬਰ: 0172-2212221, ਫੈਕਸ ਨੰ: 0172-2212793**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਪੰਜਾਬ।

**ਮੀਮੋ ਨੰ:**-SCERT/PPPP /2018/2018413917 **ਮਿਤੀ:** 12/9/2018

**ਵਿਸ਼ਾ: ਤੀਸਰੀ ਜਮਾਤ ਤੋਂ ਪੰਜਵੀਂ ਜਮਾਤ ਦੇ ਵੱਖ-ਵੱਖ ਵਿਸ਼ਿਆਂ ਦੇ ਮੁਲਾਂਕਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਪੱਖੋਂ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਗਿਆ ਹੈ। 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਤਹਿਤ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਬੇਸਲਾਈਨ ਕੀਤੀ ਜਾ ਚੁੱਕੀ ਹੈ। ਅਧਿਆਪਕਾਂ ਵੱਲੋਂ ਸੁਝਾਅ ਪ੍ਰਾਪਤ ਹੋਏ ਸਨ ਕਿ ਤੀਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦਾ ਐਸ.ਏ.-1 ਵੀ ਲਿਆ ਜਾਣਾ ਚਾਹੀਦਾ ਹੈ। ਸੋ ਉਪਰੋਕਤ ਸੁਝਾਵਾਂ ਅਨੁਸਾਰ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਤੀਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਣਾ ਹੈ। ਐਸ.ਏ. 1 ਨਿਮਨ-ਲਿਖਤ ਡੇਟਸ਼ੀਟ ਅਨੁਸਾਰ ਹੀ ਲਿਆ ਜਾਵੇ:-

| ਜਮਾਤ | | ਤੀਸਰੀ | ਚੌਥੀ | ਪੰਜਵੀਂ |
|---|---|---|---|---|
| ਮਿਤੀ | ਦਿਨ | ਵਿਸ਼ਾ | ਵਿਸ਼ਾ | ਵਿਸ਼ਾ |
| 21-9-2018 | ਸ਼ੁੱਕਰਵਾਰ | ਅੰਗਰੇਜ਼ੀ | ਗਣਿਤ | ਗਣਿਤ |
| 22-9-2018 | ਸ਼ਨੀਵਾਰ | ਪੰਜਾਬੀ | ਵਾਤਾਵਰਣ ਸਿੱਖਿਆ | ਪੰਜਾਬੀ |
| 23-9-2018 | ਐਤਵਾਰ | - | - | - |
| 24-9-2018 | ਸੋਮਵਾਰ | ਗਣਿਤ | ਅੰਗਰੇਜ਼ੀ | ਅੰਗਰੇਜ਼ੀ |
| 25-9-2018 | ਮੰਗਲਵਾਰ | - | ਹਿੰਦੀ | ਵਾਤਾਵਰਣ ਸਿੱਖਿਆ |
| 26-9-2018 | ਬੁੱਧਵਾਰ | ਵਾਤਾਵਰਣ ਸਿੱਖਿਆ | ਪੰਜਾਬੀ | ਹਿੰਦੀ |

3.0 ਮੁਲਾਂਕਣ ਦਾ ਸਮਾਂ 8.30 ਵਜੇ ਤੋਂ 10.30 ਵਜੇ ਤੱਕ ਹੋਵੇਗਾ।

4.0 ਐਸ.ਏ.-1 ਲਈ ਬੱਚਿਆਂ ਨੂੰ ਡੇਟਸ਼ੀਟ ਅਗਾਊਂ ਨੋਟ ਕਰਵਾਈ ਜਾਵੇ ਅਤੇ ਸਤੰਬਰ ਮਹੀਨੇ ਤੱਕ ਦੇ ਪਾਠਕ੍ਰਮ ਦੀ ਤਿਆਰੀ ਕਰਵਾਈ ਜਾਵੇ। ਮੁਲਾਂਕਣ ਦੌਰਾਨ ਬੱਚਿਆਂ ਦੀ 100% ਹਾਜ਼ਰੀ ਯਕੀਨੀ ਬਣਾਈ ਜਾਵੇ ਤਾਂ ਜੋ ਸਾਰੇ ਬੱਚਿਆਂ ਦੀ ਪ੍ਰੀਖਿਆ ਲਈ ਜਾ ਸਕੇ।

5.0 ਵਿਭਾਗ ਵੱਲੋਂ ਵੈੱਬਸਾਈਟ ਤੇ ਤੀਸਰੀ ਤੋਂ ਪੰਜਵੀਂ ਜਮਾਤ ਲਈ ਸਾਰੇ ਵਿਸ਼ਿਆ ਦੇ ਸੈਂਪਲ ਪ੍ਰਸ਼ਨ ਪੱਤਰ ਅੱਪਲੋਡ ਕੀਤੇ ਗਏ ਹਨ। ਐਸ.ਏ.-1 ਲਈ ਵਿਭਾਗ ਵੱਲੋਂ ਅਪਲੋਡ ਕੀਤੇ ਸੈਂਪਲ ਪੇਪਰ ਹੂਬਹੂ ਨਾ ਵਰਤੇ ਜਾਣ ਅਤੇ ਨਾ ਹੀ ਕੋਈ ਪੁਰਾਣਾ ਜਾਂ ਪਹਿਲਾਂ ਤੋਂ ਤਿਆਰ ਕੀਤਾ ਪੇਪਰ ਵਰਤਿਆ ਜਾਵੇ ਬਲਕਿ ਇਹਨਾਂ ਸੈਂਪਲ ਪ੍ਰਸ਼ਨ ਪੱਤਰਾਂ ਦੇ ਪੈਟਰਨ ਅਨੁਸਾਰ ਪਹਿਲਾਂ ਤੋਂ ਹੀ ਹਰ ਵਿਸ਼ੇ ਦੇ ਪ੍ਰਸ਼ਨ ਪੱਤਰ ਤਿਆਰ ਕਰਕੇ ਰੱਖੇ ਜਾਣ।

6.0 ਮੁਲਾਂਕਣ ਤੋਂ ਬਾਅਦ ਅਧਿਆਪਕ ਬੱਚਿਆਂ ਨੂੰ ਅਗਲੇ ਦਿਨ ਦੇ ਮੁਲਾਂਕਣ ਦੀ ਤਿਆਰੀ ਕਰਵਾਉਣਗੇ। ਜਿਸ ਦਿਨ ਜਿਸ ਜਮਾਤ ਦਾ ਮੁਲਾਂਕਣ ਨਹੀਂ ਹੈ ਉਸ ਦਿਨ ਨੂੰ ਉਸ ਜਮਾਤ ਦਾ ਆਮ ਕੰਮਕਾਜੀ ਦਿਨ ਸਮਝਿਆ ਜਾਵੇ।

7.0 ਅਧਿਆਪਕ ਹਰ ਵਿਸ਼ੇ ਦਾ ਮੁਲਾਂਕਣ ਹੋਣ ਉਪਰੰਤ ਅਗਲੇ ਦਿਨ ਤੱਕ ਉਸ ਵਿਸ਼ੇ ਦੀਆਂ ਉੱਤਰ ਪੱਤਰੀਆਂ ਚੈੱਕ ਕਰਨਗੇ ਅਤੇ ਨਤੀਜਾ ਤਿਆਰ ਕਰਨਗੇ।

8.0 ਮਿਤੀ 29-9-2018 ਨੂੰ ਬੱਚਿਆਂ ਦੀ ਕਾਰਗੁਜ਼ਾਰੀ ਮਾਪਿਆਂ ਨਾਲ ਸਾਂਝੀ ਕਰਨ ਲਈ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਜਾਵੇ। ਜਿਸ ਵਿੱਚ ਸਾਰੇ ਬੱਚਿਆਂ ਦੇ ਮਾਤਾ-ਪਿਤਾ ਦਾ ਸ਼ਾਮਿਲ ਹੋਣਾ ਯਕੀਨੀ ਬਣਾਇਆ ਜਾਵੇ।

9.0 ਹੁਕਮਾਂ ਦੀ ਇੰਨ੍ਹ-ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ**

**ਪਿੱਠ ਅੰਕਣ ਨੰ:** SCERT/PPPP /2018/ **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਪੀ.ਏ.ਟੂ ਡੀ.ਪੀ.ਆਈ. (ਐ.ਸਿੱ), ਪੰਜਾਬ

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ**